Received on 25/8/11

ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ,ਚੰਡੀਗੜ੍ਹ।

(ਡਾਇਟ ਸ਼ਾਖਾ)

ਹੁਕਮ ਨੰ:9/18-2011ਡਾਇਟ(3)

ਮਿਤੀ,ਚੰਡੀਗੜ੍ਹ:10-8-2011

ਬਾਬਾ ਮੰਗਲ ਸਿੰਘ ਇੰਸਟੀਚਿਊਟ ਆਫ ਐਜੂਕੇਸ਼ਨ ਬੁਘੀਪੁਰਾ ਮੋਗਾ ਜਿਸ ਨੂੰ ਐਨ.ਸੀ.ਟੀ.ਈ. ਜੈਪੁਰ ਦੇ ਪੱਤਰ ਨੰ: NRC/NCTE/F3/Pb-392/2006/9102 ਮਿਤੀ 29/11/2006 ਰਾਹੀ ਰਿਕੋਗਨੀਸ਼ਨ ਦਿੱਤੀ ਗਈ ਹੈ ਨੂੰ ਈ ਟੀ ਟੀ ਦਾ ਕੋਰਸ ਇਕ ਯੂਨਿਟ (50 ਬੱਚੇ) ਚਲਾਉਣ ਲਈ ਹੇਠ ਲਿਖੀਆਂ ਸ਼ਰਤਾਂ ਤੇ [illegible] ਐਫਲੀਏਸ਼ਨ ਦਿੱਤੀ ਜਾਂਦੀ ਹੈ:

1. ਕਾਲਜ ਦੀ ਪ੍ਰਬੰਧਕ ਕਮੇਟੀ ਐਨ.ਸੀ.ਟੀ.ਈ ਦੇ ਨਾਰਮ ਅਨੁਸਾਰ ਨਿਰਧਾਰਿਤ ਸਟਾਫ ਪੂਰਾ ਕਰਨਾ ਯਕੀਨੀ ਬਣਾਵੇਗੀ।
2. ਸੰਸਥਾ ਵਿਚ ਦਾਖਲਾ ਪੰਜਾਬ ਸਰਕਾਰ ਵਲੋਂ ਨਿਰਧਾਰਿਤ ਨੀਤੀ ਅਨੁਸਾਰ ਹੀ ਕੀਤਾ ਜਾਵੇਗਾ।
3. ਦਾਖਲ ਕੀਤੇ ਸਿਖਿਆਰਥੀਆਂ ਦੇ ਇਕ ਸੈਸਨ ਦੌਰਾਨ ਐਨ.ਸੀ.ਟੀ.ਈ ਦੇ ਨਾਰਮ ਅਨੁਸਾਰ ਲੈਕਚਰ ਪੂਰੇ ਹੋਣੇ ਚਾਹੀਦੇ ਹਨ।
4. ਵਿਦਿਆਰਥੀਆਂ ਦੀ ਯੋਗਤਾ ਈ.ਟੀ.ਟੀ. ਵਿਚ ਅਪਲਾਈ ਕਰਨ ਦੀ ਮਿਤੀ ਨੂੰ ਐਨ.ਸੀ.ਟੀ.ਈ. ਵਲੋਂ ਨਿਰਧਾਰਿਤ ਯੋਗਤਾ ਪੂਰੀ ਹੋਣੀ ਚਾਹੀਦੀ ਹੈ।
5. ਦਾਖਲ ਕੀਤੇ ਸਿਖਿਆਰਥੀਆਂ ਤੋਂ ਪੰਜਾਬ ਸਰਕਾਰ ਵਲੋਂ ਨਿਰਧਾਰਿਤ ਕੀਤੀ ਫੀਸ ਹੀ ਲਈ ਜਾਵੇਗੀ।
6. ਇਸ ਦਫਤਰ ਦੇ ਪੱਤਰ ਨੰ:9/18-2011 ਡਾਇਟ(3) ਮਿਤੀ 3-8-2011 ਰਾਹੀਂ ਦਰਸਾਈਆਂ ਤਰੁਟੀਆਂ ਦੀ ਪੂਰਤੀ ਇਕ ਮਹੀਨੇ ਦੇ ਅੰਦਰ ਕੀਤੀ ਜਾਵੇਗੀ। ਇਹ ਕਮੀਆਂ ਪੂਰੀਆਂ ਨਾ ਹੋਣ ਦੀ ਸੂਰਤ ਵਿਚ ਐਫਲੀਏਸ਼ਨ ਰੱਦ ਕਰ ਦਿੱਤੀ ਜਾਵੇਗੀ।
7. ਸਿਵਲ ਰਿਟ ਪਟੀਸ਼ਨ ਨੰ:13485 ਆਫ 2011 ਸ੍ਰੀ ਬਲਵਿੰਦਰ ਸਿੰਘ ਪੁਤਰ ਸ੍ਰੀ ਖੁਸ਼ਾਲ ਸਿੰਘ, ਬਨਾਮ ਯੂਨੀਅਨ ਆਫ ਇੰਡੀਆ, ਹੂਮਨ ਰਿਸੋਰਸਜ ਵਿਭਾਗ, ਭਾਰਤ ਸਰਕਾਰ ਅਤੇ ਹੋਰ ਅਤੇ ਹੋਰ ਕਿਸੇ ਕੇਸ ਜਿਸ ਵਿਚ [illegible] ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਕਿਸੇ ਹੋਰ ਕੋਰਟ ਵਲੋਂ ਕੀਤੇ ਜਾਣ ਵਾਲੇ ਫੈਸਲੇ ਇਸ ਤੇ ਲਾਗੂ ਹੋਣਗੇ। ਹਰ ਸੰਸਥਾ ਇਹ ਫੈਸਲਾ ਮੰਨਣ ਲਈ ਪਾਬੰਦ ਹੋਵੇਗੀ।
8. ਐਨ.ਸੀ.ਟੀ.ਈ. ਵਲੋਂ ਨਿਰਧਾਰਿਤ ਨਾਰਮ ਇਸ ਸੰਸਥਾ ਤੇ ਲਾਗੂ ਹੋਣਗੇ। ਕਿਸੇ ਸਮੇਂ ਵੀ ਕਿਸੇ ਕਿਸਮ ਦੀ ਅਣਗਹਿਲੀ/ਕਮੀ ਪਾਏ ਜਾਣ ਤੇ ਇਹ ਐਫਲੀਏਸ਼ਨ ਰੱਦ ਕੀਤੀ ਜਾ ਸਕਦੀ ਹੈ।
9. ਇਹ ਐਫਲੀਏਸ਼ਨ ਨਿਯਮਾਂ ਦੀ ਉਲੰਘਣਾਂ ਕਰਨ ਦੀ ਸੂਰਤ ਵਿੱਚ ਕਿਸੇ ਸਮੇਂ ਵੀ ਵਾਪਸ ਲਈ ਜਾ ਸਕਦੀ ਹੈ।
10. ਐਨ.ਸੀ.ਟੀ.ਈ ਵਲੋਂ ਦਿੱਤੀ ਗਈ ਰਿਕੋਗਨੀਸ਼ਨ ਉਨਾਂ ਵੱਲੋਂ ਵਾਪਸ ਲੈਣ ਤੇ ਇਹ ਐਫਲੀਏਸ਼ਨ ਰੱਦ ਸਮਝੀ ਜਾਵੇਗੀ।

(ਸ਼ਿਵ ਭਗਤ)
ਡਾਇਰੈਕਟਰ, ਐਸ.ਸੀ.ਈ.ਆਰ.ਟੀ.ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ [illegible] ਕਣ ਮਿਤੀ,ਚੰਡੀਗੜ੍ਹ: 10-8-2011

[illegible]ਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. [illegible] ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿ 5ਸ਼ਾਖਾ), ਮਿਨੀ ਸਕੱਤਰਤ ਚੰਡੀਗੜ੍ਹ।
2. [illegible] ਸੰਸਥਾ ਦਾ ਮੁੱਖੀ।
3. ਸੁਪਰਡੰਟ ਪ੍ਰੀਖਿਆ ਸ਼ਾਖਾ (ਦਫਤਰ ਵਿਚ)।
4. ਸੰਸਥਾ ਦੀ ਨਿਜੀ ਮਿਸਲ ਲਈ।
5. ਐਨ.ਸੀ.ਟੀ.ਈ. ਜੈਪੁਰ,ਏ 46,ਸ਼ਾਂਤੀ ਪੱਥ ਤਿਲਕ ਨਗਰ,ਜੈਪੁਰ (ਰਾਜਸਥਾਨ)।

10/8/11

ਡਾਇਰੈਕਟਰ, ਐਸ.ਸੀ.ਈ.ਆਰ.ਟੀ.ਪੰਜਾਬ,
ਚੰਡੀਗੜ੍ਹ।